ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ
(ਦਫ਼ :ਸਕੱਤਰ/ਵਿੱਤ ਸ਼ਾਖਾ-2)

ਵੱਲ

1. ਡੀ.ਜੀ.ਪੀ/ਵੀ ਤੇ ਐਸ,
2. ਸਾਰੇ ਇੰਜ-ਇੰਨ-ਚੀਫ/ਜਨਰਲ ਮੈਨੇਜਰ/ਮੁੱਖ ਇੰਜੀ:(ਸਮੇਤ ਹਾਈਡਲ)
3. ਮੁੱਖ ਕੰਟਰੋਲਰ/ਵਿੱਤ,
4. ਸਾਰੇ ਮੁੱਖ ਲੇਖਾ ਅਫ਼ਸਰਜ਼,
5. ਮੁੱਖ ਪੜਤਾਲਕਾਰ ,
6. ਕਾਸਟ ਕੰਟਰੋਲਰ,
7. ਮੁੱਖ ਆਈ.ਆਰ ਅਤੇ ਡਬਲਯੂ।

ਪੰ:ਸ:ਪਾਵਰ/ਟਰਾਂਸਕੋ ਕਾ:ਲਿਮ:

ਵਿੱਤ ਸਰਕੂਲਰ ਨੰ: 21/2010

ਮੀਮੋ ਨੰ:- 14361/14411 /ਵਿਨ-2/2(2006)

ਮਿਤੀ: 27-5-2010

ਵਿਸ਼ਾ:- ਪੰਜਾਬ ਸਟੇਟ ਪਾਵਰ / ਟਰਾਂਸਕੋ ਕਾਰਪੋਰੇਸ਼ਨ ਲਿਮਿਟਡ ਦੇ ਕਰਮਚਾਰੀਆਂ ਅਤੇ ਪੈਨਸ਼ਨਰਾ ਨੂੰ ਮਿਤੀ 1-1-2010 ਤੋਂ ਵਧੀਆ ਦਰਾਂ (27% ਤੋਂ 35%)ਤੇ ਮਹਿੰਗਾਈ ਭੱਤਾ ਦੇਣ ਬਾਰੇ।

ਪੰਜਾਬ ਸਰਕਾਰ ਦੇ ਵਿੱਤ ਵਿਭਾਗ ( ਵਿੱਤ ਪ੍ਰਸੋਨਲ-1 ਸ਼ਾਖਾ) ਵਲੋਂ ਜਾਰੀ ਨੋਟੀਫਿਕੇਸ਼ਨ ਨੰ:- 3/2/97-ਐਫਪੀ-1/290 ਮਿਤੀ 21-5-10 ਜਿਸ ਰਾਹੀਂ ਮਹਿੰਗਾਈ ਭੱਤੇ ਦੀ ਮੌਜੂਦਾ ਦਰ ਮਿਤੀ 1-1-2010 ਤੋਂ 27% ਤੋਂ ਵਧਾ ਕੇ 35% ਕੀਤੀ ਗਈ ਹੈ ਦੀ ਕਾਪੀ ਨਾਲ ਨੱਥੀ ਕਰਕੇ ਅਗਲੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ। ਜਿਸ ਨੂੰ ਪੰਜਾਬ ਸਟੇਟ ਪਾਵਰ/ਟਰਾਂਸਕੋ ਕਾਰਪੋਰੇਸ਼ਨ ਲਿਮਟਿਡ ਵਲੋਂ ਅਪਣਾਉਣ ਦਾ ਫੈਸਲਾ ਕੀਤਾ ਗਿਆ ਹੈ, ਪ੍ਰੰਤੂ ਵਰਕਚਾਰਜ ਕਾਮਿਆਂ/ਪੈਨਸਨਰਜ਼/ਫੈਮਲੀ ਪੈਨਸ਼ਨਰਜ਼ ਨੂੰ ਪਹਿਲਾ ਦੀ ਤਰ੍ਹਾਂ ਦੀ ਇਸ ਦੀ ਅਦਾਇਗੀ ਨਕਦ ਕੀਤੀ ਜਾਵੇਗੀ।

ਨੱਥੀ/ਉਪਰੋਕਤ ਅਨੁਸਾਰ ।

ਉਪ ਸਕੱਤਰ/ਵਿੱਤ-1

ਪਿੱਠ ਅੰਕਣ ਨੰ:- 14412/15311 /ਵਿਨ-2/2(2006) ਮਿਤੀ:- 27-5-2010

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਇਸ ਦਫ਼ਤਰ ਦੇ ਪਿੱਠ ਅੰਕਣ ਨੰ:- 166439/165388 ਮਿਤੀ 2-12-09 ਦੀ ਲਗਾਤਾਰਤਾ ਵਿੱਚ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਪ੍ਰਿੰਸੀਪਲ ਸਕੱਤਰ ਟੂ ਪੰਜਾਬ ਸਰਕਾਰ (ਵਿੱਤ ਵਿਭਾਗ) ਅਤੇ ਮੈਂਬਰਜ (ਪਾਵਰ/ਟਰਾਂਸਕੋ) ਸਿਵਲ ਸਕੱਤਰੇਤ, ਪੰਜਾਬ, ਚੰਡੀਗੜ੍ਹ।
2. ਪ੍ਰਿੰਸੀਪਲ ਸਕੱਤਰ ਪੰਜਾਬ ਸਰਕਾਰ ਸਿੰਚਾਈ ਤੇ ਬਿਜਲੀ ਵਿਭਾਗ (ਊਰਜਾ ਸ਼ਾਖਾ), ਮਿੰਨੀ ਸਕੱਤਰੇਤ , ਸੈਕਟਰ 9 ਚੰਡੀਗੜ੍ਹ।
3. ਸਕੱਤਰ/ਐਨਆਰਈਬੀ., ਐਫ ਵਿੰਗ, ਨਿਰਮਾਣ ਭਵਨ, ਨਵੀਂ ਦਿੱਲੀ ।
4. ਸਕੱਤਰ/ਐਚ.ਪੀ.ਐਸ.ਈ.ਬੀ. ਸ਼ਿਮਲਾ-41
5. ਸਕੱਤਰ/ਵਿੱਤ, ਚੰਡੀਗੜ੍ਹ ਪ੍ਰਬੰਧ ਚੰਡੀਗੜ੍ਹ ।
6. ਸਕੱਤਰ/ਪ੍ਰਬੰਧ-1, ਸੈਂਟਰਲ ਇਲੈਕਟ੍ਰੀਸਿੱਟੀ ਅਥਾਰਟੀ, ਭਾਰਤ ਸਰਕਾਰ, ਸੇਵਾ ਭਵਨ, ਆਰ. ਕੇ. ਪੂਰਮ, ਨਵੀਂ ਦਿੱਲੀ ।
7. ਸਕੱਤਰ/ਐਚ.ਐਸ.ਈ.ਬੀ., ਪੰਚਕੂਲਾ ।
8. ਸਪੈਸ਼ਲ ਸਕੱਤਰ, ਬੀ.ਬੀ.ਐਮ.ਬੀ. ਸੈਕਟਰ-19, ਚੰਡੀਗੜ੍ਹ ।
9. ਜਨਰਲ ਮੈਨੇਜਰ, ਦਿੱਲੀ ਇਲੈਕਟ੍ਰੀਸਿੱਟੀ ਸਪਲਾਈ ਅੰਡਰਟੇਕਿੰਗ, ਨਵੀਂ ਦਿੱਲੀ ।
10. ਮੁੱਖ ਇੰਜੀਨੀਅਰ/ਜਨਰੇਸ਼ਨ, ਬੀਬੀਐਮਬੀ, ਨੰਗਲ ਟਾਊਨਸ਼ਿਪ ।
11. ਮੁੱਖ ਇੰਜੀਨੀਅਰ/ਟ੍ਰਾਂਸਮਿਸ਼ਨ, ਬੀਬੀਐਮਬੀ, ਚੰਡੀਗੜ੍ਹ ।
12. ਮੁੱਖ ਇੰਜੀਨੀਅਰ/ਇਲੈਕਟ੍ਰੀਸਿੱਟੀ, ਯੂ.ਟੀ., ਚੰਡੀਗੜ੍ਹ ।

13. ਓ.ਐਸ.ਡੀ. ਟੂ ਚੇਅਰਮੈਨ, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
14. ਮੁੱਖ ਲੇਖਾ ਅਫ਼ਸਰ/ਰੈਵੀਨਿਊ, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
15. ਮੁੱਖ ਲੇਖਾ ਅਫ਼ਸਰ ਟੂ ਮੈਂਬਰ/ਵਿੱਤ ਤੇ ਲੇਖਾ, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
16. ਲੇਖਾ ਅਤੇ ਵਿੱਤ ਮੈਨੇਜਰ, ਗਨਦਥਪ,ਬਠਿੰਡਾ/ਲਹਿਰਾ ਮੁਹੱਬਤ ।
17. ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫ਼ਸਰ, ਬੀਬੀਐਮਬੀ, ਚੰਡੀਗੜ੍ਹ/ਨੰਗਲ ਟਾਊਨਸ਼ਿਪ ।
18. ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫ਼ਸਰ, ਗਗਸਸਥਪ, ਰੋਪੜ ।
19. ਨਿਗਰਾਨ ਇੰਜੀਨੀਅਰ(ਟੀ) ਟੂ ਮੈਂਬਰ/ਓਪਰੇਸ਼ਨ/ਮੈਂਬਰ ਜਨਰੇਸ਼ਨ/ਮੈਂਬਰ ਹਾਇਡਲ ਅਤੇ ਪ੍ਰਬੰਧਕੀ ਮੈਂਬਰ
20. ਸਾਰੇ ਨਿਗਰਾਨ ਇੰਜੀਨੀਅਰ/ਡਾਇਰੈਕਟਰ (ਹਾਈਡਲ ਸਮੇਤ) ।
21. ਡਾਇਰੈਕਟਰ/ਟ੍ਰੇਨਿੰਗ, ਟੀ.ਟੀ.ਆਈ., ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
22. ਕਾਨੂੰਨੀ ਸਲਾਹਕਾਰ, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
23. ਡਿਪਟੀ ਡਾਇਰੈਕਟਰ/ਕੋ-ਆਰਡੀਨੇਸ਼ਨ, ਪੰ.ਰਾ.ਪਾਵਰ/ਟਰਾਂਸਕੋ ਕਾ:ਲਿਮ:, ਬੀ-533,ਨਿਊ ਫਰੈਂਡਜ਼ ਕਲੋਨੀ, ਨਵੀਂ ਦਿੱਲੀ।
24. ਭੌਂ ਪ੍ਰਾਪਤੀ ਕੁਲੈਕਟਰ, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
25. ਰੈਜ਼ੀਡੈਂਟ ਆਡਿਟ ਅਫ਼ਸਰ, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
26. ਸਾਰੇ ਸੀਨੀਅਰ ਕਾਰਜਕਾਰੀ ਇੰਜੀਨੀਅਰਜ਼/ਉਪ ਡਾਇਰੈਕਟਰ (ਸਮੇਤ ਹਾਈਡਲ)
27. ਉਪ ਸਕੱਤਰ ਟੂ ਚੇਅਰਮੈਨ ਅਤੇ ਸੀਨੀਅਰ ਨਿੱਜੀ ਸਕੱਤਰ ਟੂ ਮੈਂਬਰਜ਼/ਸਕੱਤਰ (ਬੋਰਡ)
28. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
29. ਸਾਰੇ ਉਪ ਮੁੱਖ ਲੇਖਾ ਅਫ਼ਸਰ/ਉਪ ਮੁੱਖ ਕੰਟਰੋਲਰ/ਉਪ ਵਿੱਤ ਸਲਾਹਕਾਰ ।
30. ਸਾਰੇ ਸੀਨੀਅਰ ਲੇਖਾ ਅਫ਼ਸਰ/ਲੇਖਾ ਅਫ਼ਸਰ/ਪ੍ਰੀ ਆਡਿਟ, ਫੀਲਡ ਅਤੇ ਥਰਮਲ ।
31. ਲੇਖਾ ਅਫ਼ਸਰ/ਤਨਖਾਹ ਅਤੇ ਲੇਖਾ-1,2, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
32. ਲੇਖਾ ਅਫ਼ਸਰ/ਟੀ.ਏ.ਡੀ., ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
33. ਸੁਪਰਡੈਂਟ/ਬਿਲਜ਼-1,2 ਅਤੇ 3, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
34. ਮੁੱਖ ਦਫ਼ਤਰ, ਸਕੱਤਰੇਤ ਵਿੱਚ ਸਾਰੇ ਭਾਗਾਂ ਦੇ ਮੁੱਖੀ ਅਤੇ ਬ੍ਰਾਂਚ ਅਧਿਕਾਰੀ ।
35. ਸਕੱਤਰ/ Ombudsman,ਇਲੈਕਟ੍ਰੀਸਿਟੀ ਪੰਜਾਬ, 248, ਸੈਕਟਰ-19-ਏ, ਚੰਡੀਗੜ੍ਹ ।
36. ਸਾਰੇ ਮੁੱਖ ਭਲਾਈ ਅਫ਼ਸਰ/ਕਿਰਤ ਤੇ ਭਲਾਈ ਅਫ਼ਸਰ/ ਸਹਾਇਕ ਕਿਰਤ ਤੇ ਭਲਾਈ ਅਫਸਰ, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ।
37. ਸਕੱਤਰ, ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਐਸ.ਸੀ.ਓ. ਨੰ:- 220-221, ਸੈਕਟਰ-34-ਏ, ਚੰਡੀਗੜ੍ਹ।
38. ਸ੍ਰੀ ਰਾਮ ਪ੍ਰਕਾਸ਼, ਜਨਰਲ ਸਕੱਤਰ, ਮਕਾਨ ਨੰ:- 527, ਗਲੀ ਨੰ:- 13, ਪੁਰਾਣਾ ਬਿਸ਼ਨ ਨਗਰ, ਪਟਿਆਲਾ ।
39. ਇੰਜ:ਐਸ.ਕੇ.ਕਪੂਰ, ਸਕੱਤਰ/ਜੁਆਇੰਟ ਐਕਸ਼ਨ ਕਮੇਟੀ, ਕਮਰਾ ਨੰ:- 212, ਦੂਜੀ ਮੰਜ਼ਿਲ, ਕੰਪਲੈਕਸ ਨੰ:- 1, ਜੀ.ਟੀ.ਰੋਡ, ਲੁਧਿਆਣਾ ।
40. ਸ੍ਰੀ ਐਸ.ਐਲ.ਸ਼ਰਮਾਂ, ਜਨਰਲ ਸਕੱਤਰ, ਪੀ.ਐਸ.ਈ.ਬੀ., ਆਲ ਕੇਡਰਜ਼, ਪੈਨਸ਼ਨਰਜ਼ ਐਸੋਸੀਏਸ਼ਨ, ਡਬਲਿਯੂ.ਡੀ.-69, ਅਲੀ ਮੁਹੱਲਾ, ਜਲੰਧਰ ।
41. ਸ੍ਰੀ ਪ੍ਰਮਣ ਸਿੰਘ, ਪ੍ਰਧਾਨ, ਪੰ.ਐਸ.ਈ.ਬੀ. ਪੈਨਸ਼ਨਰਜ਼ ਐਸੋਸੀਏਸ਼ਨ, ਜਗਜੀਤ ਨਗਰ, ਨੇੜੇ ਪਾਵਰ ਕਲੋਨੀ, ਰੋਪੜ ।

ਨੱਥੀ/ਉਪਰੋਕਤ ਅਨੁਸਾਰ ।

ਸੁਪਰਡੈਂਟ/ਵਿੱਤ-2

ਸੀ.ਸੀ.

ਡਾਇਰੈਕਟਰ/ਆਈ.ਟੀ, ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਮੈਂਬਰ/ਮੈਨੇਜਿੰਗ ਕਮੇਟੀ ਵਲੋਂ ਦਿੱਤੇ ਹੁਕਮਾਂ ਅਨੁਸਾਰ ਇਸ ਦਫ਼ਤਰੀ ਹੁਕਮ ਨੂੰ ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਦੀ ਵੈਬ-ਸਾਈਟ ਤੇ ਪਾਇਆ ਜਾਵੇ।

ਪੰਜਾਬ ਸਰਕਾਰ ,ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ)ਦੇ ਨੋਟੀਫਿਕੇਸ਼ਨ ਨੰ:- 3/2/97-ਐਫਪੀ-1/290 ਮਿਤੀ 21-5-10 ਸਾਰੇ ਵਿਭਾਗਾ ਦੇ ਮੁੱਖੀਆ ਆਦਿ ਨੂੰ:

ਵਿਸ਼ਾ:- ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਿਤੀ 1-1-2010 ਤੋਂ ਵਧੀਆਂ ਦਰਾਂ (27% ਤੋਂ 35%) ਤੇ ਮਹਿੰਗਾਈ ਭੱਤਾ ਦੇਣ ਬਾਰੇ।

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਤਾਜ਼ਾ ਪੱਤਰ ਨੰ:3/2/97-ਐਫ.ਪੀ.1/590 ਮਿਤੀ 14 ਅਕਤੂਬਰ,2009 ਵੱਲ ਧਿਆਨ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਦੇ ਰਾਜਪਾਲ ਜੀ ਨੇ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਿਤੀ 1-1-2010 ਤੋਂ ਸ਼ੋਧਿਤ ਪੇ ਤੇ ਮੌਜੂਦਾ 27% ਤੋਂ ਵਧਾ ਕੇ 35%) ਦੀ ਦਰ ਤੇ ਮਹਿੰਗਾਈ ਭੱਤਾ ਦੇਣ ਦੀ ਪ੍ਰਵਾਨਗੀ ਦਿੱਤੀ ਹੈ।

2. ਮਿਤੀ 1-1-2010 ਤੋਂ 31-5-2010 ਤੱਕ ਵਧੀਆਂ ਦਰਾਂ ਤੇ ਮਿਲਣ ਵਾਲੇ ਮਹਿੰਗਾਈ ਭੱਤੇ ਦੀ ਰਕਮ ਦਾ ਬਕਾਇਆ ਕਰਮਚਾਰੀਆਂ ਦੇ ਜਨਰਲ ਪ੍ਰਾਵੀਡੈਂਟ ਫੰਡ ਦੇ ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ ਅਤੇ ਉਸਨੂੰ ਜਨਰਲ ਪ੍ਰਾਵੀਡੈਂਟ ਫੰਡ ਦੇ ਖਾਤਿਆਂ ਵਿੱਚ ਵਾਧੂ ਜਮ੍ਹਾਂ ਰਕਮ ਸਮਝਿਆ ਜਾਵੇਗਾ ਅਤੇ ਉਸਤੇ ਮਿਲਣ ਵਾਲਾ ਵਿਆਜ ਜਮ੍ਹਾਂ ਕਰਵਾਈ ਰਕਮ ਦੇ ਮਹੀਨੇ ਤੋਂ ਅਗਲੇ ਮਹੀਨੇ ਦੀ ਪਹਿਲੀ ਤਾਰੀਖ ਤੋਂ ਲੱਗਣ ਯੋਗ ਹੋਵੇਗਾ । ਮਿਤੀ 1-6-2010 ਤੋਂ ਮਹਿੰਗਾਈ ਭੱਤੇ ਦੀਆਂ ਵਧੀਆਂ ਦਰਾਂ ਦਾ ਨਕਦ ਭੁਗਤਾਨ ਕੀਤਾ ਜਾਵੇਗਾ ।

3. ਅਜਿਹੇ ਕਰਮਚਾਰੀ, ਜਿਹਨਾਂ ਦੀ ਨਿਯੁਕਤੀ ਪੰਜਾਬ ਸਰਕਾਰ ਵਲੋਂ ਪੱਤਰ ਨੰ: 3/72/2003-3 ਐਫਪੀਪੀਸੀ/7280 ਮਿਤੀ 12-12-2006 ਰਾਹੀਂ ਜਾਰੀ ਕੀਤੀ ਨਿਊ ਰੀਸਟਰੈਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਮਿਤੀ 1-1-2004 ਜਾਂ ਉਸ ਉਪਰੰਤ ਕੀਤੀ ਗਈ ਹੈ ਅਤੇ ਜਿਹਨਾਂ ਨੇ ਅਜੇ ਤੱਕ ਉਕਤ ਸਕੀਮ ਦੇ ਟਾਇਰ 11 ਅਧੀਨ ਆਪਣੇ ਖਾਤੇ ਨਹੀਂ ਖੁਲਵਾਏ, ਵਿਭਾਗਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਧੀਆਂ ਦਰਾਂ ਤੇ ਮਿਲਣ ਵਾਲੇ ਮਹਿੰਗਾਈ ਭੱਤੇ ਵਜੋਂ ਬਣਨ ਵਾਲੇ ਬਕਾਏ ਦੀ ਰਕਮ ਦੇ ਇਵਜ਼ ਵਿੱਚ ਪੰਜਾਬ ਰਾਜ ਵਿੱਚ ਸਥਿਤ ਡਾਕਘਰਾਂ ਤੋਂ ਸਬੰਧਤ ਕਰਮਚਾਰੀਆਂ ਦੇ ਨਾਮ ਤੇ ਨੈਸ਼ਨਲ ਸੇਵਿੰਗ ਸਰਟੀਫਿਕੇਟ/ਕਿਸਾਨ ਵਿਕਾਸ ਪੱਤਰਾਂ ਦੀ ਖਰੀਦ ਕਰਨ ।

4. ਅਜਿਹੇ ਕਰਮਚਾਰੀ ਜਿਹਨਾਂ ਨੇ ਪੰਜਾਬ ਸਰਕਾਰ ਦੀ ਸੇਵਾ ਪੱਤਰ ਨੰ:3/72/2003-3 ਐਫਪੀਪੀਸੀ/7280 ਮਿਤੀ 12-12-06 ਰਾਹੀਂ ਜਾਰੀ ਕੀਤੀ ਨਿਊ ਰੀਸਟਰਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ 1-1-2004 ਜਾਂ ਉਸਤੋਂ ਬਾਅਦ ਸੇਵਾ ਜੁਆਇੰਨ ਕੀਤੀ ਹੈ, ਉਹਨਾਂ ਦਾ ਵਧੀਆਂ ਦਰਾਂ ਤੇ ਮਹਿੰਗਾਈ ਭੱਤੇ ਦੀ ਰਾਸ਼ੀ ਦੇ ਬਕਾਏ ਦਾ 10 % ਹਿੱਸਾ ਨਿਊ ਰੀਸਟਰਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਦੇ ਟਾਇਰ 1 ਅਧੀਨ ਕੱਟਿਆ ਜਾਵੇਗਾ ਅਤੇ ਬਾਕੀ 90 % ਹਿੱਸੇ ਦਾ ਪੰਜਾਬ ਰਾਜ ਵਿੱਚ ਸਥਿਤ ਡਾਕਘਰਾਂ ਤੋਂ ਨੈਸ਼ਨਲ ਸੇਵਿੰਗ ਸਰਟੀਫਿਕੇਟ/ਕਿਸਾਨ ਵਿਕਾਸ ਪੱਤਰ ਖਰੀਦ ਕੇ ਕਰਮਚਾਰੀਆਂ ਦੇ ਨਾਮ ਤੇ ਨਿਵੇਸ਼ ਕੀਤਾ ਜਾਵੇਗਾ ।

5. ਪੰਜਾਬ ਸਰਕਾਰ ਦੇ ਸਾਰੇ ਪੈਨਸ਼ਨਰਾਂ ਨੂੰ ਮਹਿੰਗਾਈ ਭੱਤੇ ਦੀ ਵਧੀ ਕਿਸ਼ਤ ਵਜੋਂ ਸਾਰੀ ਰਕਮ ਦਾ 1-1-2010 ਤੋਂ ਨਕਦ ਭੁਗਤਾਨ ਕੀਤਾ ਜਾਵੇਗਾ।

ਮਿਲਾਣ ਕੀਤਾ

- ਸਹੀ-
(ਸੁਰਿੰਦਰ ਕੌਰ)
ਅਧੀਨ ਸਕੱਤਰ/ਵਿੱਤ (ਐਸ)